ਵਿਆਨਾ ਦੇ ਗੁਰਦੁਆਰਾ ਸਿੰਘ ਸਭਾ ਦੀ ਬਿਲਡਿੰਗ ਦੀ ਉਸਾਰੀ

ਵਿਆਨਾ ਦੇ "ਗੁਰਦੁਆਰਾ ਸਿੰਘ ਸਭਾ " ਦੀ ਬਿਲਡਿੰਗ ਦੀ ਉਸਾਰੀ ਦਾ ਕੰਮ ਸਤੰਬਰ ਵਿਚ ਆਰੰਭ ਕੀਤਾ ਗਿਆ। ਇਸ ਮੌਕੇ ਤੇ ਗੁਰੂਘਰ ਦੇ ਪਾਠੀ ਭਾਈ ਜੀਵਨ ਸਿੰਘ, ਮੁੱਖ ਸੇਵਾਦਾਰ ਸ: ਨਰਿੰਦਰ ਸਿੰਘ, ਗੁਰੂਘਰ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸ: ਨਿਰੰਜਨਜੀਤ ਸਿੰਘ, ਭਾਈ ਪ੍ਰਮਿੰਦਰ ਸਿੰਘ, ਸ: ਸਤਨਾਮ ਸਿੰਘ, ਤਕਨੀਕੀ ਸਲਾਹਕਾਰ ਭਾਈ ਕਰਨੈਲ ਸਿੰਘ ਅਤੇ ਗੁਰੂਘਰ ਦੇ ਸਾਬਕਾ ਮੁੱਖ ਸੇਵਾਦਾਰ ਸ: ਜੋਗਿੰਦਰ ਸਿੰਘ ਤੋਂ ਇਲਾਵਾ ਗੁਰੂਘਰ ਦੇ ਹੋਰ ਸ਼ਰਧਾਲੂ ਵੀ ਸ਼ਾਮਿਲ ਹੋਏ। ਅਰਦਾਸ ਹੋਣ ਤੋਂ ਬਾਅਦ ਗੁਰੂਘਰ ਦੀ ਬਿਲਡਿੰਗ ਦੇ ਨੀਂ ਪੱਥਰ ਰੱਖੇ ਜਾਣ ਦੀ ਰਸਮ ਭਾਈ ਜੀਵਨ ਸਿੰਘ ਨੇ ਨਿਭਾਈ। ਉਪਰੰਤ ਸਭ ਸੰਗਤਾਂ ਨੇ ਇੱਕ ਦੂਸਰੇ ਨੂੰ ਵਧਾਈਆਂ ਦਿੱਤੀਆਂ ਅਤੇ ਪ੍ਰਸ਼ਾਦ ਵਰਤਾਇਆ ਗਿਆ।

ਇਸ ਮੌਕੇ ਤੇ ਮੌਜੂਦਾ ਸਭ ਵੀਰਾਂ ਅਤੇ ਭੈਣਾਂ ਨੇ ਬਿਲਡਿੰਗ ਦੀ ਉਸਾਰੀ ਦਾ ਕੰਮ ਛੇਤੀ ਤੋਂ ਛੇਤੀ ਸੰਪੂਰਣ ਕਰਨ ਵਾਸਤੇ ਸਹਯੋਗ ਦੇਣ ਦੀ ਗੱਲ ਕਹੀ।

ਵਰਨਣਯੋਗ ਹੈ ਕਿ ਇਸ ਬਿਲਡਿੰਗ ਦੀ ਉਸਾਰੀ ਤੇ ਕੁੱਲ ਪੰਜ ਲੱਖ ਪੰਜਾਹ ਹਜ਼ਾਰ ਯੂਰੋ ਦੀ ਲਾਗਤ ਆਏਗੀ। ਜਿਸ ਵਿਚੋਂ ਸੰਗਤਾਂ ਦੇ ਉੱਦਮ ਅਤੇ ਸਹਯੋਗ ਨਾਲ਼ ਬਹੁਤ ਸਾਰੀ ਰਕਮ ਇਕੱਠੀ ਹੋ ਗਈ ਹੈ ਅਤੇ ਬਾਕੀ ਦੀ ਰਕਮ ਵੀ ਸੰਗਤਾਂ ਦੇ ਸਹਿਯੋਗ ਨਾਲ਼ ਛੇਤੀ ਤੋਂ ਛੇਤੀ ਇਕੱਠੀ ਹੋ ਜਾਏਗੀ।

ਹੋਰ ਧਰਮਾਂ ਨੂੰ ਮੰਨਣ ਵਾਲ਼ੇ ਵੀਰਾਂ ਅਤੇ ਭੈਣਾਂ ਵਲੋਂ ਆ ਰਹੀ ਮਦਦ ਲਈ ਅਸੀਂ ਉਨ੍ਹਾਂ ਦੇ ਅਤੀ ਧੰਨਵਾਦੀ ਹਾਂ।

ਯੂਰੋਪ ਦੇ ਬਾਕੀ ਦੇਸ਼ਾਂ ਦੀਆਂ ਸੰਗਤਾਂ ਵੀ ਇਸ ਕਾਰਜ ਵਿੱਚ ਬਹੁਤ ਸਹਯੋਗ ਦੇ ਰਹੀਆਂ ਹਨ।

www.sikh.at

Alle Rechte vorbehalten. Copyright: www.sikh.at Verwendung der Bilder nur unter Genehmigung der www.sikh.at

www.sikh.at©2009